ਸਤਿ ਸ੍ਰੀ ਅਕਾਲ

ਇਨਕਲਾਬੀ ਜੋਧਾ

G. 703

ਜੀਵਨ ਕਹਾਣੀ ਗੁਰੂ ਗੋਬਿੰਦ ਸਿੰਘ ਜੀ

"ਭੇੜੋਂ ਕੋ ਮੈਂ ਸ਼ੇਰ ਬਨਾਊਂ।
ਰਾਠਨ ਕੋ ਸੰਗ ਰੰਕ ਲੜਾਊਂ।
ਭੂਪ ਗ਼ੀਬਨ ਕੋ ਕਹਵਾਊਂ।
ਚਿੜੀਓਂ ਸੇ ਮੈਂ ਬਾਜ਼ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।"

(ਪਾ: ੧੦)

SARDAR DYAL SINGH LIBRARY LAHORE

ਲੇਖਕ

ਪਿਆਰਾ ਸਿੰਘ 'ਦਾਤਾ'

ਨੈਸ਼ਨਲ ਬੁਕ ਸ਼ਾਪ

ਠਿਸਬਤ ਰੋਡ ਲਾਹੌਰ

294.691
ਸੋ ਹਿ ਸ
31739

ਲੇਖਕ ਦੇ ਹਕ ਰਾਖਵੇਂ ਹਨ

ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਅੰਗਰੇਜ਼ ਈਸਟ ਇੰਡੀਆ ਕੰਪਨੀ ਨੇ ਆਪਣੀਆਂ ਅੱਖਾਂ ਪੰਜਾਬ ਦੇ ਸਰਸਬਜ਼ ਮੈਦਾਨਾਂ ਤੇ ਲਾ ਦਿਤੀਆਂ । ਇਹ ਗਲ ਪੰਜਾਬ ਦੇ ਬਹਾਦਰ ਸਿਪਾਹੀਆਂ ਤੇ ਖ਼ਾਲਸਾ ਰਾਜ ਦੇ ਹਿਤਕਾਰੀਆਂ ਵੀ ਤਾੜ ਲਈ – ਚੁਨਾਂਚਿ 'ਆਜ਼ਾਦੀ-ਏ-ਪੰਜਾਬ' ਦਾ ਨਾਹਰਾ ਲਾ ਕੇ ਆਪਣੇ ਹਮਵਤਨਾਂ ਦੀ ਇੱਜ਼ਤ ਆਬਰੂ ਤੇ ਪੰਜਾਬ ਦੇ ਤਖ਼ਤ ਨੂੰ ਗ਼ੈਰਾਂ ਤੋਂ ਬਚਾਣ ਲਈ ਪੰਜ ਦਰਿਆਵਾਂ ਵਿਚਕਾਰ ਉਨ੍ਹਾਂ ਉਹ ਖ਼ੂਨੀ ਲੜਾਈਆਂ ਲੜੀਆਂ, ਉਹ ਤੇਗ਼ਾਂ ਮਾਰੀਆਂ, ਤੇ ਕੰਪਨੀ ਦੀਆਂ ਫ਼ੌਜਾਂ ਦੇ ਉਹ ਦੰਦ ਖਟੇ ਕੀਤੇ, ਕਿ ਉਸ ਵੇਲੇ ਦੇ ਵਾਇਸਰਾਏ ਲਾਰਡ ਡਲਹੌਜ਼ੀ ਨੂੰ ਇਹ ਮੰਨਣਾ ਪਿਆ ਕਿ "ਅਜਿਹੀ ਇਕ ਹੋਰ ਜਿਤ ਸਾਨੂੰ ਤਬਾਹ ਕਰ ਦੇਵੇਗੀ", "Another such victory shall ruin us", ਪੰਜਾਬੀਆਂ ਤੋਂ ਨਿਹਾਇਤ ਚਲਾਕੀ ਨਾਲ ਲੜਾਈਆਂ ਜਿਤੀਆਂ ਗਈਆਂ। ਮ: ਰਣਜੀਤ ਸਿੰਘ ਦੇ ਨਾਬਾਲਗ਼ ਬਚੇ ਮ: ਦਲੀਪ ਸਿੰਘ ਨੂੰ ਤਖ਼ਤੋਂ ਲਾਹ ਕੇ ਵਲਾਇਤ ਭੇਜਿਆ ਗਿਆ – ਮਹਾਰਾਣੀ ਜਿੰਦਾਂ ਆਪਣੀ ਜਾਨ ਬਚਾਂਦੀ ਪ੍ਰਦੇਸਾਂ ਵਿਚ ਜੰਗਲਾਂ ਪਹਾੜਾਂ ਤੇ ਦਰਿਆਵਾਂ ਨਾਲ ਟਕਰਾਂ ਮਾਰਦੀ ਰਹੀ – ਐਸੇ ਦਰਦਨਾਕ ਹਾਲਾਤ–ਦਿਲਚੀਰਵੀਆਂ ਲਹੂ-ਲੁਹਾਨ ਇਤਿਹਾਸਕ ਸਚਾਈਆਂ ਤੇ ਵਤਨ ਦੀ ਆਜ਼ਾਦੀ ਲਈ ਮਰ ਮਿਟਣ ਵਾਲਿਆਂ ਦੀਆਂ ਘਾਲਾਂ ਦਰਜ ਹਨ – ਕਿ ਪੜ੍ਹ ਕੇ ਵਤਨ ਖ਼ਾਤਰ ਮਰ ਗਿਆਂ ਲਈ ਇਕ ਵਾਰ 'ਆਹ' ਜ਼ਰੂਰ ਨਿਕਲ ਜਾਂਦੀ ਹੈ–'ਮ: ਦਲੀਪ ਸਿੰਘ' ਪੁਸਤਕ ਸਿਖ ਰਾਜ ਦੀ ਮੂੰਹ ਬੋਲਦੀ ਤਸਵੀਰ ਹੈ। ਕੀਮਤ – ਦੋ ਰੁਪਏ। ਨੈਸ਼ਨਲ ਬੁਕ ਸ਼ਾਪ, ਨਿਸਬਤ ਰੋਡ; ਲਾਹੌਰ

ਪ੍ਰਿੰਟਰ : ਸ: ਗੁਰਬਖਸ਼ ਸਿੰਘ ਪ੍ਰੀਤ ਸੈਨਿਕ ਪ੍ਰੈਸ, ਪ੍ਰੀਤ ਨਗਰ
ਪਬਲਿਸ਼ਰ : ਸ: ਪਿਆਰਾ ਸਿੰਘ ਦਾਤਾ, ਨੈਸ਼ਨਲ ਬੁਕ ਸ਼ਾਪ ਲਾਹੌਰ

ਇਸ ਪੁਸਤਕ ਬਾਰੇ

ਸਤਾਰ੍ਹਵੀਂ ਸਦੀ ਵਿਚ ਜਨਤਾ ਵਿਚ ਸੋਸ਼ਲ ਨਜ਼ਾਮ ਤੇ ਇਨਕਲਾਬ ਦੀ ਨੀਂਹ ਰਖਣ ਵਾਲੀ ਦੁਨੀਆਂ ਦੀ ਵਡੀ ਸ਼ਖ਼ਸੀਅਤ ਗੁਰੂ ਗੋਬਿੰਦ ਸਿੰਘ ਜੀ ਦੀ ਸੀ; ਪਰ ਜਦ ਅਸੀਂ ਤਅੱਸਬ ਦੀ ਪੱਟੀ ਲਾਹ ਕੇ ਵੇਖਦੇ ਹਾਂ, ਤਾਂ ਬੜਾ ਦੁਖ ਹੁੰਦਾ ਹੈ, ਕਿ ਸੰਸਾਰ ਦੇ ਸਭ ਤੋਂ ਵਡੇ ਤੇ ਪਹਿਲੇ ਮਹਾਨ ਇਨਕਲਾਬੀ ਨੂੰ ਅਸੀ ਨਾ ਤਾਂ ਪੰਜਾਬ ਚੋਂ ਬਾਹਰ ਜਾਣ ਦਿਤਾ ਹੈ ਤੇ ਨਾ ਹੀ ਦੁਨੀਆ ਤਕ ਉਸ ਦਾ ਸੁਨੇਹਾ ਹੀ ਪੁਚਾਣ ਦਾ ਯਤਨ ਕੀਤਾ ਹੈ। ਉਸ ਸੂਰ ਬੀਰ ਸਾਂਝੀਵਾਲ ਨਾਲ ਕਿਡਾ ਜ਼ੁਲਮ ਹੈ, ਕਿ ਅਜ ਤਿੰਨ ਸਦੀਆਂ ਬੀਤ ਜਾਣ ਪੁਰ ਵੀ ਉਸ ਬਾਰੇ ਦੁਨੀਆ ਬੜਾ ਘਟ ਜਾਣਦੀ ਹੈ, ਤੇ ਜਾਣੇ ਵੀ ਕਿਵੇਂ ? ਜਦ ਅਸੀ ਨਿਰੋਲ 'ਚਾਲੀ ਲਖ ਸਿਖਾਂ ਦਾ' ਦਸ ਕੇ ਗ਼ੈਰਾਂ ਨੂੰ ਅਪਨਾਣ ਦੇਣ ਦੀ ਕੋਸਸ਼ ਹੀ ਨਹੀਂ ਕੀਤੀ ।

ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਦੇ ਮੁਰਦਾ ਦਿਲਾਂ ਵਿਚ ਰੂਹ ਫੂੰਕ ਕੇ ਇਕ ਨਵਾਂ ਪੰਥ ਚਲਾਇਆ । ਸਮੇਂ ਦੀ ਹਕੂਮਤ ਗ਼ੈਰ

ਹਿੰਦੂ ਹੋਣ ਕਰ ਕੇ ਮਜ਼ਲੂਮ ਚੂੰਕਿ ਹਿੰਦੂ ਸਨ, ਇਸ ਲਈ ਹਿੰਦੂਆਂ ਨੂੰ ਉਹਨਾਂ ਨੇ ਗਲੇ ਲਾਇਆ। ਮੁਸਲਮਾਨ ਹਕੂਮਤ ਨਾਲ ਉਹਨਾਂ ਟਕਰ ਲਾਈ ਪਰ ਮੁਸਲਮਾਨ ਜਨਤਾ ਉਹਨਾਂ ਦੀ ਮਿੱਤਰ ਸੀ। ਅਜ ਕਿੰਨੀ ਅਫ਼ਸੋਸਨਾਕ ਹਾਲਤ ਹੈ, ਕਿ ਅਸੀ ਬੜੇ ਫ਼ਖ਼ਰ ਨਾਲ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਆਪਣਾ ਦੁਸ਼ਮਨ ਸਮਝਦੇ ਹਾਂ। ਪੰਡਤ ਜਵਾਹਰ ਲਾਲ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨਿਆਂ ਤੇ ਚਲ ਕੇ ਆਪਣੇ ਆਪ ਨੂੰ ਆਪਣੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕੀਤਾ ਤਾਂ ਅਸੀ ਉਸਨੂੰ 'ਗੰਗੂ ਬ੍ਰਾਹਮਣ' ਨਾਲ ਤਸ਼ਬੀਹ ਦਿਤੀ, ਤੇ ਸਾਡੇ ਵਡੇ ਲੀਡਰਾਂ ਨੇ ਇਸ ਲਕਬ ਦਾ ਖਿੜੇ ਮਥੇ ਸਵਾਗਤ ਕੀਤਾ। ਹਿੰਦੁਸਤਾਨ ਦੇ ਬਾਈ ਕਰੋੜ ਹਿੰਦੂਆਂ ਤੇ ਕਰੋੜਾਂ ਮੁਸਲਮਾਨਾਂ ਨੂੰ ਗੁਰੂ ਗੋਬਿੰਦ ਸਿੰਘ ਪੁਰ ਫ਼ਖ਼ਰ ਸੀ, ਪਰ ਹੌਲੀ ਹੌਲੀ ਅਸੀ ਉਹਨਾਂ ਦੇ ਦਿਲੋਂ ਉਸ ਬਹਾਦਰ ਇਨਕਲਾਬੀ ਦੀ ਯਾਦ ਮਿਟਾਣ ਵਿਚ ਕਾਮਯਾਬ ਹੋ ਗਏ ਹਾਂ!

ਜੇ ਇਸ ਨਿਮਾਣੇ ਯਤਨ ਨਾਲ ਸਾਡੀ ਕੌਮ ਆਪਣਾ ਫ਼ਰਜ਼ ਪਛਾਣ ਕੇ ਇਸ ਵਡੇ ਦੇਸ਼ ਭਗਤ ਨੂੰ ਆਪਣੇ ਸੂਬੇ ਦੀਆਂ ਵਲਗਣਾਂ ਤੋਂ ਕਢ ਕੇ ਦੁਨੀਆਂ ਨੂੰ ਵੀ ਅਪਨਾਣ ਦੀ ਅਜਾਜ਼ਤ ਦੇ ਸਕੇ, ਤਾਂ ਲੇਖਕ ਆਪਣੀ ਮਿਹਨਤ ਸਫ਼ਲ ਸਮਝੇਗਾ।

ਇਹ ਜੀਵਨ ਕਹਾਣੀ ਦੁਨੀਆਂ ਦੀਆਂ ਅਤ ਦਰਦਨਾਕ, ਉਤਸ਼ਾਹੀ ਤੇ ਸਿਖਿਆ ਦਾਇਕ ਹਕੀਕਤਾਂ ਚੋਂ ਹੈ, ਇਸ ਨੂੰ ਵਧ ਤੋਂ ਵਧ ਦਿਲਚਸਪ ਬਣਾ ਕੇ ਪਾਠਕਾਂ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਤਾਂ ਜੋ ਇਤਿਹਾਸਕ-ਖ਼ੁਸ਼ਕੀ ਪ੍ਰਧਾਨ ਨਾ ਰਹੇ, ਅਰ ਪੜ੍ਹਨ ਵਾਲੇ ਹਰ ਅਗਲੀ ਘਟਨਾ ਦਾ ਬੜੀ ਚਿਲਚਸਪੀ ਨਾਲ ਇੰਤਜ਼ਾਰ ਕਰਨ।

ਇਹ ਕਿਤਾਬ ਉਹਨਾਂ ਦਿਨਾਂ ਵਿਚ ਲਿਖੀ ਗਈ ਹੈ, ਜਦ ਕਿ ਸਮੁੰਦਰ ਵਿਚ ਪਈ ਲੇਖਕ ਦੀ ਆਪਣੀ ਜੀਵਨ ਨਈਆ ਹਾਲਾਤ

ਦੇ ਥਪੇੜਿਆਂ ਕਾਰਨ ਡਾਵਾਂ ਡੋਲ ਹੁੰਦੀ ਜਾ ਰਹੀ ਸੀ, ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਚਾਨਣ ਮੁਨਾਰੇ ਵਾਂਗ ਇਸ ਦੇ ਸਾਹਮਣੇ ਆ ਗਿਆ। ਗੁਰੂ ਜੀ ਦੇ ਜੀਵਨ ਦੀ ਉਹ ਅਤ-ਨਾਜ਼ਕ ਤੇ ਦਰਦਨਾਕ ਘੜੀ ਇਸ ਨੂੰ ਕਦੀ ਨਹੀਂ ਭੁਲਦੀ, ਜਦ ਕਿ ਉਹ ਆਪਣੇ ਚਾਰੇ ਜ਼ਿਗਰ ਦੇ ਟੁਕੜੇ, ਮਾਤਾ ਪਿਤਾ ਤੇ ਹਜ਼ਾਰਾਂ ਸਿਖਾਂ ਨੂੰ ਜ਼ੁਲਮ ਦੀ ਕੁਰਬਾਨ-ਗਾਹ ਪੁਰ ਚੜ੍ਹਾਨ ਪਿਛੋਂ ਦਸ ਲਖ ਹਥਿਆਰ ਬੰਦ ਦੁਸ਼ਮਣ ਫੌਜਾਂ ਦੇ ਘੇਰੇ ਚੋਂ ਨਿਕਲ ਕੇ ਮਾਛੀ ਵਾੜੇ ਦੇ ਜੰਗਲ ਵਿਚ ਜਾ ਡੇਰਾ ਲਾਉਂਦੇ ਹਨ। ਤਨ ਦੇ ਕਪੜੇ ਹੀ ਨਹੀਂ, ਜਿਸਮ ਵੀ ਲੀਰੋ ਲੀਰ ਹੋਇਆ ਪਿਆ ਹੈ, ਸਾਥੀ ਵਿਛੜ ਗਏ ਹਨ, ਤੇ ਆਪ ਕਿਨੇ ਦਿਨਾਂ ਦੇ ਭੁਖੇ ਤਿਹਾਏ ਅਬਾਦੀ ਤੋਂ ਦੂਰ ਜੰਗਲ ਵਿਚ ਬ੍ਰਿਜਮਾਨ ਹਨ, ਤੇ ਫਿਰ ਜਿਨ੍ਹਾਂ ਲੋਕਾਂ ਲਈ ਇਹ ਸਭ ਕੁਝ ਕੀਤਾ ਗਿਆ ਸੀ, ਉਹ ਵੀ ਆਖਰੀ ਵਕਤ ਲਿਖਕੇ ਦੇ ਗਏ, ਕਿ 'ਸਾਡਾ ਤੁਹਾਡਾ ਰਿਸ਼ਤਾ ਮੁਕਾ'। ਅਜੇਹੇ ਮੁਖਾਲਫ ਹਾਲਾਤ ਹੋਣ ਦੇ ਬਾਵਜੂਦ ਕੀ ਮਜਾਲ ਕਿ ਮੈਦਾਨ ਛਡ ਦੇਣ ਦਾ ਇਕ ਪਲ ਲਈ ਵੀ ਖਿਆਲ ਆਇਆ ਹੋਵੇ। ਉਸੇ ਦਲੇਰੀ ਅਰ ਹਿੰਮਤ ਨਾਲ ਸਾਰੇ ਹਿੰਦੁਸਤਾਨ ਦੀ ਜ਼ਾਲਮ ਤਾਕਤਾਂ ਨਾਲ ਟਕਰ ਲਾਉਣ ਲਈ ਤਿਆਰ ਹਨ। ਇਸ ਦਲੇਰੀ ਤੇ ਨਿਡਰਤਾ ਨੇ ਹੀ ਸਾਡੀ ਕੌਮ ਵਿਚ ਬੰਦਾ ਬਹਾਦਰ, ਮ: ਰਣਜੀਤ ਸਿੰਘ, ਹਰੀ ਸਿੰਘ ਨਲੂਆ ਅਕਾਲੀ ਫੂਲਾ ਸਿੰਘ, ਸ: ਸ਼ਾਮ ਸਿੰਘ ਅਟਾਰੀ ਵਾਲਾ ਤੇ ਬਾਬਾ ਰਾਮ ਸਿੰਘ ਆਦਿ ਬਹਾਦਰ "ਬਾਗੀ ਦੇਸ਼ ਭਗਤ" ਪੈਦਾ ਕੀਤੇ। ਅਜ ਲੋੜ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਹਰ ਨਾਮ ਲੇਵਾ ਦੀ ਰੂਹ ਆਜ਼ਾਦੀ ਲਈ ਤੜਪ ਉਠੇ, ਤੇ ਆਪਣੇ ਸਦੀਆਂ ਦੇ ਗੁਲਾਮ ਦੇਸ਼ ਦੀਆਂ ਜ਼ੰਜੀਰਾਂ ਨੂੰ ਤੋੜ ਫੋੜ ਦੇਵੇ। ਜੇ ਇਹ ਸਪਿਰਟ ਸਾਡੇ ਵਿਚ ਪੈਦਾ ਨਹੀਂ ਹੋਈ ਤਾਂ ਅਸੀ ਗੁਰੂ ਜੀ ਨੂੰ ਸਚੇ ਮਹਿਨਿਆਂ ਵਿਚ ਸਮਝਿਆ ਹੀ ਨਹੀਂ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.